بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّی عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਅਨੁਸਾਰ ਕੁਰਆਨ ਸ਼ਰੀਫ਼ ਦੀਆਂ ਖ਼ੂਬੀਆਂ, ਸਥਾਨ ਅਤੇ ਵਡਿੱਆਈ ਦਾ ਬਿਆਨ, ਅਹਮਦੀਆਂ ਨੂੰ ਮੁੜ੍ਹ ਦੁਆਵਾਂ ਦੀ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 10 ਮਾਰਚ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੁ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بَعْدُ فَأَعُوذُ بِاللّٰهِ مِنَ الشَّيْطٰنِ الرَّجِيمِ۔ بِسْمِ اللّٰهِ الرَّحْمٰنِ الرَّحِيمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦੱ, ਤਾਊਜ਼ ਅਤੇ ਸੂਰਾਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਅਜੱ ਕਲੱ ਖ਼ੁਤਬਿਆਂ'ਚ ਕੁਰਆਨ ਸ਼ਰੀਫ਼ ਦੇ ਗੁਣਾਂ ਅਤੇ ਖ਼ੂਬੀਆਂ ਦਾ ਜ਼ਿਕਰ ਕਰ ਰਿਹਾ ਹਾਂ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੁਰਆਨ ਸ਼ਰੀਫ਼ ਦੇ ਗੁਣ ਅਤੇ ਖ਼ੂਬੀਆਂ ਬਿਆਨ ਕਰਦੇ ਹੋਏ ਫ਼ਰਮਾਇਆ ਕਿ ਮੈਂ ਸਚੱ ਕਹਿੰਦਾ ਹਾਂ ਕਿ ਕੁਰਆਨ ਸ਼ਰੀਫ਼ ਅਜੀਹੀ ਸੰਪੂਰਨ ਅਤੇ ਮੁਕੰਮਲ ਕਿਤਾਬ ਹੈ ਕਿ ਕੋਈ ਕਿਤਾਬ ਇਸ ਦਾ ਮੁਕਾਬਲਾ ਨਹੀਂ ਕਰ ਸਕਦੀ। ਆਪ ਨੇ ਮਿਸਾਲ ਦਿੰਦੀਆਂ ਫ਼ਰਮਾਇਆ ਕਿ ਕੀ ਵੈਦ'ਚ ਕੋਈ ਅਜੀਹੀ ਸ਼ੁਰਤੀ ਹੈ। ਜੋ هُدًى لِّلۡمُتَّقِيۡنَ ਦਾ ਮੁਕਾਬਲਾ ਕਰ ਸਕੇ। ਜੇਕਰ ਜ਼ੁਬਾਨੀ ਮੰਨ ਲੈਣਾ ਕੋਈ ਚੀਜ਼ ਹੈ। ਅਰਥਾਤ ਇਸ ਦੇ ਫ਼ਲ੍ਹ ਅਤੇ ਨਤੀਜੀਆਂ ਦੀ ਲੋੜ੍ਹ ਨਹੀਂ। ਤਾਂ ਫ਼ਿਰ ਸਾਰਾ ਸੰਸਾਰ ਕਿਸੇ ਨ ਕਿਸੇ ਰੰਗ'ਚ ਰਬੱ ਨੂੰ ਮੰਨ ਲੈਂਦਾ ਹੈ ਅਤੇ ਭਕਤੀ, ਇਬਾਦਤ ਅਤੇ ਸਦਕਾ ਅਤੇ ਦਾਨ ਪੁੰਨ ਨੂੰ ਵੀ ਚੰਗਾ ਸਮਝਦੀ ਹੈ ਅਤੇ ਕਿਸੇ ਨ ਕਿਸੇ ਸ਼ਕਲ'ਚ ਇੰਨ੍ਹਾਂ ਗੱਲ੍ਹਾਂ'ਤੇ ਅਮਲ ਵੀ ਕਰਦੀ ਹੈ। ਹਿੰਦੂਆਂ ਨੂੰ ਜਵਾਬ ਦਿੰਦੇ ਹੋਏ ਫ਼ਰਮਾਇਆ ਕਿ ਫ਼ਿਰ ਵੈਦਾਂ ਨੇ ਆ ਕੇ ਸੰਸਾਰ ਨੂੰ ਕੀ ਦਿੱਤਾ। ਜਾਂ ਇਹ ਸਾਬਤ ਕਰੋ ਕਿ ਜੋ ਕੌਮਾਂ ਵੈਦਾਂ ਨੂੰ ਨਹੀਂ ਮੰਨਦੀਆਂ। ਉਨ੍ਹਾਂ ਦੀਆਂ ਨੇਕੀਆਂ ਖਤਮ ਹੋ ਗਈਆਂ ਹਨ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕੁਰਆਨ ਸ਼ਰੀਫ਼ ਨੂੰ ਜਿੱਥੋਂ ਸ਼ੁਰੂ ਕੀਤਾ ਹੈ। ਉਨ੍ਹਾਂ ਤਰੱਕੀਆਂ ਦਾ ਵਚਨ ਕਰ ਲਿਆ ਹੈ, ਜਿਨ੍ਹਾਂ ਨੂੰ ਰੂਹ ਮੰਗਦੀ ਹੈ। ਸੋ ਸੂਰਾਤੁਲ ਫ਼ਾਤਿਹਾ'ਚ اِهۡدِنَا الصِّرَاطَ الۡمُسۡتَقِيۡمَ ਦੀ ਸਿਖਿੱਆ ਦਿੱਤੀ ਅਤੇ ਫ਼ਰਮਾਇਆ ਕਿ ਤੁਸੀਂ ਦੁਆ ਕਰੋ ਕਿ ਹੇ ਰਬੱ! ਸਾਨੂੰ ਸਿੱਧੇ ਰਾਹ ਦੀ ਹਦਾਯਤ ਬਖ਼ਸ਼। ਹਦਾਯਤ ਦੇਣ ਦੀ ਦੁਆ ਕੀਤੀ ਤਾਂ ਵਚਨ ਵੀ ਕੀਤਾ ਕਿ ਮੈਂ ਸਿੱਧੇ ਰਾਹ'ਤੇ ਤੋਰਾਂਗਾ। ਜੋ ਉਨ੍ਹਾਂ ਲੋਕਾਂ ਦੀ ਰਾਹ ਹੈ। ਜਿਨ੍ਹਾਂ'ਤੇ ਤੇਰੀਆਂ ਮਿਹਰਾਂ ਹੋਇਆਂ। ਇਸ ਦੁਆ ਦੇ ਨਾਲ ਹੀ ਸੂਰਾਤੁਲ ਬਕਰਾਹ ਦੀ ਪਹਿਲੀ ਆਇਤ'ਚ ਖ਼ੁਸ਼ਖ਼ਬਰੀ ਦੇ ਦਿੱਤੀ ਕਿ ذٰلِكَ الۡكِتٰبُ لَا رَيۡبَ فِيۡهِ هُدًى لِّلۡمُتَّقِيۡنَ ਜੇਕਰ ਹਦਾਯਤ ਦੀ ਦੁਆ ਸਿਖਾਈ ਤਾਂ ਉਸ ਦੀ ਪ੍ਰਾਪਤੀ ਲਈ ਇਕੱ ਢੰਗ ਵੀ ਦਸੱ'ਤਾ ਕਿ ਇਸ'ਤੇ ਚਲੱ ਕੇ ਸ਼ਰਧਾਵਾਨਾਂ ਨੂੰ ਹਦਾਯਤ ਮਿਲੇਗੀ। ਜਿਵੇਂ ਰੂਹਾਂ ਦੁਆਵਾਂ ਕਰਦੀਆਂ ਹਨ ਅਤੇ ਨਾਲ ਹੀ ਕਬੂਲੀਅਤ ਆਪਣਾ ਅਸਰ ਵਿਖਾਉਂਦੀ ਹੈ ਅਤੇ ਉਹ ਵਚਨ ਕੁਰਆਨ ਸ਼ਰੀਫ਼ ਦੇ ਆਉਣ ਦੀ ਸ਼ਕਲ'ਚ ਪੂਰਾ ਹੁੰਦਾ ਹੈ

ਇਹ ਰਬੱ ਦੀ ਮਿਹਰ ਅਤੇ ਕਿਰਪਾ ਹੈ, ਜੋ ਉਸ ਨੇ ਫ਼ਰਮਾਇਆ। ਪਰ ਅਫ਼ਸੋਸ ਸੰਸਾਰ ਉਸ ਤੋਂ ਬੇਖ਼ਬਰ ਅਤੇ ਬੇਸੁਧੱ ਹੈ ਅਤੇ ਉਸ ਤੋਂ ਦੂਰ ਰਹਿ ਕੇ ਹਲਾਕ ਹੋ ਰਿਹਾ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਫ਼ਿਰ ਕਹਿੰਦਾ ਹਾਂ ਕਿ ਰਬੱ ਨੇ ਕੁਰਆਨ ਸ਼ਰੀਫ਼'ਚ ਸ਼ਰਧਾਵਾਨਾਂ ਦੀ ਜੋ ਸਿਫ਼ਤਾਂ ਬਿਆਨ ਕੀਤੀਆਂ ਹਨ। ਉਨ੍ਹਾਂ ਨੂੰ ਮਾਮੂਲੀ ਸਿਫ਼ਤਾਂ'ਚ ਰਖਿੱਆ ਹੈ। ਪਰ ਜਦੋਂ ਮਨੁਖੱ ਉਸ'ਤੇ ਵਿਸ਼ਵਾਸ ਲਿਆ ਕੇ ਉਸ ਨੂੰ ਆਪਣੀ ਹਦਾਯਤ ਲਈ ਮਾਰਗ ਦਰਸ਼ਕ ਬਣਾਉਂਦਾ ਹੈ। ਤਾਂ ਹਦਾਯਤ ਦੇ ਉਨ੍ਹਾਂ ਉਚੱਤਮ ਦਰਜੀਆਂ ਅਤੇ ਸਥਾਨਾਂ ਨੂੰ ਪਾ ਲੈਂਦਾ ਹੈ ਜੋ هُدًى لِّلْمُتَّقِيْنَ ਵਿੱਚ ਉਦੇਸ਼ ਰੱਖੇ ਹਨ। ਫ਼ਿਰ ਫ਼ਰਮਾਇਆ ਕਿ ਕੁਰਆਨ ਸ਼ਰੀਫ਼ ਦੀ ਸਿਖਿੱਆ ਇਕੱ ਸੰਪੂਰਨ ਸਿਖਿੱਆ ਹੈ। ਜ਼ਮਾਨਾ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਆਉਣ ਦੀ ਲੋੜ੍ਹ ਦੀ ਇਕੱ ਹੋਰ ਦਲੀਲ ਹੈ ਅਤੇ ਅੰਤ اَلْيَوْمَ اَكْمَلْتُ لَكُمْ ਵਿੱਚ ਫ਼ਰਮਾ'ਤਾ। ਜਿਵੇਂ ਕਿ ਉਸ ਸਮੇਂ ਜ਼ਮਾਨੇ ਦੇ ਹਾਲਾਤ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਆਉਣ ਦੀ ਦਲੀਲ ਸਨ। ਫ਼ਰਮਾਇਆ ਕਿ ਇਹ ਨਬੁਵੱਤ ਦੇ ਬੂਹੇ ਦੀ ਦੂਜੀ ਫ਼ਸਲ ਹੈ। ਸੰਪੂਰਨਤਾ ਇਹ ਨਹੀਂ ਕਿ ਸੂਰਤਾਂ ਨਾਜ਼ਲ ਕਰ ਦਿੱਤੀਆਂ। ਸਗੋਂ ਨਫ਼ਸ ਦੀ ਸੰਪੂਰਨਤਾ ਅਤੇ ਦਿਲ੍ਹ ਦੀ ਪਵਿਤੱਰਤਾ ਦੀ ਹਾਲਤ ਨੂੰ ਸੰਪੂਰਨ ਕਰ'ਤਾ। ਜੰਗਲੀਆਂ ਤੋਂ ਮਨੁਖੱ, ਅਕਲਮੰਦ, ਸੁਚਰਿਤੱਰ ਅਤੇ ਅੱਲਾਹ ਵਾਲਾ ਇੰਨਸਾਨ ਬਣਾ'ਤਾ। ਇੰਨਸਾਨ ਨੂੰ ਚੰਗੇ ਆਚਰਨ ਦੇ ਅਤੇ ਨਫ਼ਸ ਨੂੰ ਪਾਕ ਕਰਨ ਦੇ ਉਚੱਤਮ ਦਰਜੇ ਸਿਖਾ'ਤੇ ਅਤੇ ਉਨ੍ਹਾਂ ਦੀ ਸੰਪੂਰਨਤਾ ਵੀ ਕਰ'ਤੀ। ਇੰਝ ਹੀ ਕੁਰਆਨ ਸ਼ਰੀਫ਼ ਨੂੰ ਵੀ ਸੰਪੂਰਨ ਕਰ'ਤਾ। ਕੋਈ ਸੱਚਾਈ ਅਤੇ ਭਲਾਈ ਨਹੀਂ ਜੋ ਕੁਰਆਨ ਸ਼ਰੀਫ਼'ਚ ਨ ਹੋਵੇ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਕੱ ਹੋਰ ਗਲਤੀ ਬਥੇਰੇ ਮੁਸਲਮਾਨਾਂ'ਚ ਹੈ ਕਿ ਉਹ ਹਦੀਸ ਨੂੰ ਕੁਰਆਨ ਸ਼ਰੀਫ਼'ਤੇ ਵਡਿੱਆਈ ਦਿੰਦੇ ਹਨ। ਜਦੱਕਿ ਇਹ ਇਕੱ ਬਹੁਤ ਵੱਡੀ ਗਲਤੀ ਹੈ। ਕੁਰਆਨ ਸ਼ਰੀਫ਼ ਇਕੱ ਯਕੀਨੀ ਸਥਾਨ ਰਖੱਦਾ ਹੈ ਅਤੇ ਹਦੀਸ ਦਾ ਸਥਾਨ ਖਿਆਲੀ ਹੈ। ਹਦੀਸ ਕਾਜ਼ੀ ਨਹੀਂ, ਸਗੋਂ ਕੁਰਆਨ ਸ਼ਰੀਫ਼ ਉਸ'ਤੇ ਕਾਜ਼ੀ ਹੈ। ਫ਼ੈਸਲਾ ਕਰਨਾ ਕੁਰਆਨ ਸ਼ਰੀਫ਼ ਦਾ ਕੰਮ ਹੈ। ਜਦੱਕਿ ਹਦੀਸ ਕੁਰਆਨ ਸ਼ਰੀਫ਼ ਦੀ ਵਿਆਖਿਆ ਕਰਦੀ ਹੈ। ਹਦੀਸ ਨੂੰ ਇਸ ਹਦੱ ਤਕੱ ਮੰਨਾ ਜ਼ਰੂਰੀ ਹੈ ਕਿ ਕੁਰਆਨ ਸ਼ਰੀਫ਼ ਦੇ ਖ਼ਿਲਾਫ਼ ਨ ਪਏ ਅਤੇ ਉਸ ਦੇ ਅਨੁਸਾਰੀ ਹੋਵੇ। ਪਰ ਉਸ ਦੇ ਖ਼ਿਲਾਫ਼ ਪਏ ਤਾਂ ਉਹ ਹਦੀਸ ਨਹੀਂ। ਸਗੋਂ ਰਦੱ ਕੀਤੀਆਂ ਗੱਲ੍ਹਾਂ ਹਨ। ਪਰ ਕੁਰਆਨ ਸ਼ਰੀਫ਼ ਨੂੰ ਸਮਝਣ ਲਈ ਹਦੀਸ ਜ਼ਰੂਰੀ ਹੈ। ਕੁਰਆਨ ਸ਼ਰੀਫ਼ ਰਾਹੀਂ ਜੋ ਰੱਬੀ ਹੁਕਮ ਆਏ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਉਨ੍ਹਾਂ ਨੂੰ ਕਰਮ ਰਾਹੀਂ ਵਿਖਾ'ਤਾ ਅਤੇ ਇਕੱ ਨਮੂਨਾ ਕਾਯਮ ਕਰ'ਤਾ। ਜੇਕਰ ਇਹ ਨਮੂਨਾ ਨ ਹੁੰਦਾ ਤਾਂ ਇਸਲਾਮ ਸਮਝ'ਚ ਨ ਆ ਸਕਦਾ। ਪਰ ਅਸਲ ਕੁਰਆਨ ਹੈ। ਕੁੱਝ ਰੱਬੀ ਬੰਦੇ ਸਿੱਧੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਤੋਂ ਅਜੀਹੀਆਂ ਗੱਲਾਂ ਸੁਣਦੇ ਹਨ। ਜੋ ਦੂਜੀਆਂ ਨੂੰ ਪਤਾ ਨਹੀਂ ਲੱਗੀਆਂ ਜਾਂ ਤਾਂ ਮੌਜੂਦ ਹਦੀਸਾਂ ਦੀ ਤਸਦੀਕ ਕਰ ਲੈਂਦੇ ਹਨ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੇ ਬਾਰੇ ਲਿਖਿੱਆ ਹੈ ਕਿ ਮੈਂ ਵੀ ਕੁੱਝ ਹਦੀਸਾਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਤੋਂ ਸੁਣਿਆਂ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕੁਰਆਨ ਕਰੀਮ ਦੇ ਮੌਕੇ ਅਨੁਸਾਰੀ ਹੋਣ ਬਾਰੇ ਫ਼ਰਮਾਉਂਦੇ ਹਨ ਕਿ ਕੁਰਆਨ ਸ਼ਰੀਫ਼ ਸਤਰਾਂ'ਚ ਇੰਨ੍ਹੀਂ ਖ਼ੂਬਸੁਰਤੀ, ਮੌਕੇ ਅਨੁਸਾਰੀ, ਨਰਮੀ ਅਤੇ ਚਮਕ ਰਖੱਦਾ ਹੈ ਕਿ ਜੇਕਰ ਕਿਸੇ ਸਰਗਰਮ ਨੁਕਤਾ ਚੀਨ ਅਤੇ ਇਸਲਾਮ ਦੇ ਵੱਡੇ ਵਿਰੋਧੀ ਨੂੰ ਜੋ ਅਰਬੀ ਵਿਆਕਰਨ ਦਾ ਸੰਪੂਰਨ ਗਿਆਨ ਰਖੱਦਾ ਹੋਵੇ। ਹਾਕਮ

ਵੱਲੋਂ ਇਹ ਹੁਕਮ ਹੋਵੇ ਕਿ ਜੇਕਰ ਤੁਸੀਂ ਵੀਹ ਸਾਲ'ਚ ਕੁਰਆਨ ਸ਼ਰੀਫ਼ ਦੀ ਦੋ ਚਾਰ ਸਤਰਾਂ ਬਰਾਬਰ ਕੋਈ ਲੇਖ ਨ ਵਿਖਾ ਸਕੇ ਤਾਂ ਤੁਹਾਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਫ਼ਿਰ ਵੀ ਉਹ ਉਸ ਦੀ ਕਦੇ ਤਾਕਤ ਨਹੀਂ ਰਖੱਦਾ। ਭਾਵੇਂ ਸੰਸਾਰ ਭਰ ਦੇ ਸੈਂਕੜਾਂ ਵਿਆਕਰਨਕਾਰੀਆਂ ਨੂੰ ਆਪਣਾ ਸਹਿਯੋਗੀ ਬਣਾ ਲਏ। ਇਹ ਹੈ ਕਮਾਲ ਕੁਰਆਨ ਸ਼ਰੀਫ਼ ਦਾ ਅਤੇ ਉਸ ਦੀ ਖ਼ੂਬਸੂਰਤੀ ਦਾ। ਆਪ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇਹ ਕੋਈ ਖ਼ਿਆਲੀ ਅਤੇ ਫ਼ਰਜ਼ੀ ਗੱਲ੍ਹ ਨਹੀਂ ਹੈ। ਸਗੋਂ ਜੱਦੋਂ ਤੋਂ ਕੁਰਆਨ ਸ਼ਰੀਫ਼ ਆਇਆ ਹੈ। ਇਹ ਚੈਲੰਜ ਸੰਸਾਰ ਦੇ ਸਾਮ੍ਹਣੇ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੌਕੇ ਅਨੁਸਾਰੀ ਹੋਣ ਅਤੇ ਵਡਿੱਆਈ'ਚ ਕੁਰਆਨ ਸ਼ਰੀਫ਼ ਦਾ ਮੁਕਾਬਲਾ ਹੋ ਹੀ ਨਹੀਂ ਸਕਦਾ।

ਫ਼ਿਰ ਕੁਰਆਨ ਸ਼ਰੀਫ਼ ਦੀ ਵਡਿੱਆਈ ਦਾ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ। ਇਕੱ ਮਜਲਿਸ'ਚ ਆਪ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਜਿਨ੍ਹੇ ਨਿਸ਼ਾਨ ਅਤੇ ਆਇਤਾਂ ਇੱਥੇ ਪ੍ਰਕਟ ਹੋ ਰਹੀਆਂ ਹਨ। ਇਹ ਅਸਲ'ਚ ਰਸੂਲੁਲਾੱਹ ਸਲੱਲਾਹੋ ਅਲੈਹਿ ਵਸਲੱਮ ਹੀ ਦੇ ਚਮਤਕਾਰ ਅਤੇ ਕੁਰਆਨ ਸ਼ਰੀਫ਼ ਦੀਆਂ ਭਵਿਖੱਬਾਣੀਆਂ ਹਨ। ਕਿਉਂਕਿ ਆਪ ਹੀ ਦੀ ਪੈਰਵੀ ਅਤੇ ਕੁਰਆਨ ਸ਼ਰੀਫ਼ ਦੀ ਸਿਖਿੱਆ ਦੇ ਫ਼ਲ੍ਹ ਹਨ ਅਤੇ ਇਸ ਸਮੇਂ ਕੋਈ ਹੋਰ ਧਰਮ ਅਜੀਹਾ ਨਹੀਂ ਹੈ। ਜਿਸ ਦੀ ਪੈਰਵੀ ਕਰਨ ਵਾਲਾ ਇਹ ਦਾਅਵਾ ਕਰ ਸਕਦਾ ਹੋਵੇ ਕਿ ਉਹ ਭਵਿਖੱਬਾਣੀਆਂ ਕਰ ਸਕਦਾ ਹੈ। ਜਾਂ ਉਸ ਤੋਂ ਅਸੰਭਵ ਗੱਲ੍ਹਾਂ ਦਾ ਪ੍ਰਕਟਾਵਾ ਹੁੰਦਾ ਹੈ। ਇਸ ਲਈ ਇਸ ਪਹਿਲੂ ਤੋਂ ਕੁਰਆਨ ਸ਼ਰੀਫ਼ ਦਾ ਚਮਤਕਾਰ ਸਾਰੀਆਂ ਕਿਤਾਬਾਂ ਦੇ ਚਮਤਕਾਰਾਂ ਤੋਂ ਵਧੱ ਹੈ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਕੱ ਨਿੱਕੀ ਤੋਂ ਨਿੱਕੀ ਸੂਰਤ ਵੀ ਜੇਕਰ ਕੁਰਆਨ ਸ਼ਰੀਫ਼ ਦੀ ਲੈ ਕੇ ਵੇਖੀ ਜਾਵੇ। ਤਾਂ ਪਤਾ ਲੱਗੇਗਾ ਕਿ ਉਸ'ਚ ਮੌਕੇ ਅਨੁਸਾਰੀ ਹੋਣ ਤੋਂ ਬਿਨ੍ਹਾਂ, ਸਿਖਿੱਆ ਦੀ ਜ਼ਾਤੀ ਖ਼ੂਬੀਆਂ ਅਤੇ ਕਮਾਲਾਂ ਨੂੰ ਉਸ'ਚ ਭਰ'ਤਾ ਹੈ। ਸੂਰਾਤੁਲ ਇਖ਼ਲਾਸ ਹੀ ਨੂੰ ਵੇਖੋ ਕਿ ਤੌਹੀਦ ਦੇ ਸਾਰੇ ਦਰਜੀਆਂ ਨੂੰ ਬਿਆਨ ਕਰ'ਤਾ ਹੈ ਅਤੇ ਹਰ ਕਿਸਮ ਦੇ ਸ਼ਿਰਕ ਦਾ ਰਦੱ ਕਰ'ਤਾ ਹੈ। ਇੰਝ ਹੀ ਸੂਰਾਤੁਲ ਫ਼ਾਤਿਹਾ ਨੂੰ ਵੇਖੋ ਕਿਵੇਂ ਚਮਤਕਾਰ ਹੈ। ਨਿੱਕੀ ਜਿਹੀ ਸੂਰਤ ਜਿਸ ਦੀ ਸਤੱ ਆਇਤਾਂ ਹਨ। ਪਰ ਅਸਲ'ਚ ਸਾਰੇ ਕੁਰਆਨ ਸ਼ਰੀਫ਼ ਦਾ ਗੁਣ, ਸੰਖੇਪ ਵਿਵਰਨ ਅਤੇ ਸੂਚੀ ਹੈ। ਫ਼ਿਰ ਇਸ'ਚ ਰਬੱ ਦੀ ਹਸਤੀ, ਉਸ ਦੀ ਸਿਫ਼ਤਾਂ, ਦੁਆ ਦੀ ਲੋੜ੍ਹ ਅਤੇ ਉਸ ਦੀ ਕਬੂਲੀਅਤ ਦੇ ਸਾਧਨਾ ਅਤੇ ਕਾਰਨਾ, ਲਾਭ ਅਤੇ ਲਾਭਕਾਰੀ ਦੁਆਵਾਂ ਦਾ ਤਰੀਕਾ, ਨੁਕਸਾਨ ਦੀਆਂ ਰਾਹਾਂ ਤੋਂ ਬਚਣ ਦੀ ਹਦਾਯਤ ਸਿਖਾਈ ਹੈ। ਅਕਸਰ ਕਿਤਾਬਾ ਅਤੇ ਧਰਮ ਵਾਲਿਆਂ ਨੂੰ ਵੇਖੋਗੇ ਕਿ ਉਹ ਦੂਜੇ ਧਰਮਾਂ ਦੀ ਬੁਰਾਈਆਂ ਅਤੇ ਨੁਕਸ ਬਿਆਨ ਕਰਦੇ ਹਨ ਅਤੇ ਦੂਜੀ ਸਿਖਿੱਆਵਾਂ'ਤੇ ਨੁਕਤਾ ਚੀਨੀ ਕਰਦੇ ਹਨ। ਪਰ ਇਨ੍ਹਾਂ ਨੁਕਤਾ ਚੀਨੀਆਂ ਨੂੰ ਪੈਸ਼ ਕਰਦੇ ਹੋਏ। ਇਹ ਕੋਈ ਧਰਮ ਵਾਲਾ ਨਹੀਂ ਕਰਦਾ ਕਿ ਇਸ ਦੇ ਮੁਕਾਬਲੇ'ਤੇ ਕੋਈ ਚੰਗੀ ਸਿਖਿੱਆ ਵੀ ਪੈਸ਼ ਕਰੇ ਅਤੇ ਵਿਖਾਏ ਕਿ ਜੇਕਰ ਮੈਂ ਇਸ ਬੁਰਾਈ ਤੋਂ ਬਚਾਉਣਾ ਚਾਹੁੰਣਾ ਹਾਂ। ਤਾਂ ਇਹ ਚੰਗੀ ਸਿਖਿੱਆ ਵੀ ਦਿੰਦਾ ਹਾਂ। ਇਹ ਕਿਸੇ ਧਰਮ'ਚ ਨਹੀਂ। ਇਹ ਮਾਣ ਕੇਵਲ ਕੁਰਆਨ ਸ਼ਰੀਫ਼ ਹੀ ਨੂੰ ਹੈ ਕਿ ਜਿੱਥੇ ਉਹ ਦੂਜੇ ਝੂੱਠੇ ਧਰਮਾਂ ਦਾ ਰਦੱ ਕਰਦਾ ਹੈ ਅਤੇ ਉਨ੍ਹਾਂ ਦੀ ਗਲਤ ਸਿਖਿੱਆਵਾਂ ਨੂੰ ਖੋਲ੍ਹਦਾ ਹੈ। ਉੱਥੇ ਅਸਲੀ ਅਤੇ ਹਕੀਕੀ ਸਿਖਿੱਆ ਵੀ ਪੈਸ਼ ਕਰਦਾ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕੁਝੱ ਨਾਦਾਨ ਕਹਿੰਦੇ ਹਨ ਕਿ ਅਸੀਂ ਕੁਰਆਨ ਸ਼ਰੀਫ਼ ਨੂੰ ਨਹੀਂ ਸਮਝ ਸਕਦੇ। ਇਸ ਲਈ ਉਸ ਵੱਲ੍ਹ ਧਿਆਨ ਨਹੀਂ ਕਰਨਾ ਚਾਹੀਦਾ। ਕਿਉਂਕਿ ਇਹ ਬਹੁਤ ਔਖਾ ਹੈ। ਇਹ

ਉਨ੍ਹਾਂ ਦੀ ਗਲਤੀ ਹੈ । ਫ਼ਰਮਾਇਆ ਕਿ ਕੁਰਆਨ ਸ਼ਰੀਫ਼ ਨੇ ਵਿਸ਼ਵਾਸੀ ਮੁਦਿੱਆਂ ਨੂੰ ਅਜੀਹੀ ਖ਼ੂਬਸੂਰਤੀ ਨਾਲ ਸਮਝਾਇਆ ਹੈ ਕਿ ਜੋ ਸ਼ਾਨਦਾਰ ਅਤੇ ਲਾ-ਜਵਾਬ ਹੈ ਅਤੇ ਉਸ ਦੀਆਂ ਦਲੀਲਾਂ ਦਿਲ੍ਹਾਂ'ਤੇ ਪ੍ਰਭਾਵ ਪਾਉਂਦੀਆਂ ਹਨ । ਕੁਰਆਨ ਅਜਿਹਾ ਸੂਖ਼ਮ ਹੈ ਕਿ ਅਰਬ ਦੇ ਪੈਂਡੂਆਂ ਨੂੰ, ਜੋ ਬਿਲਕੁੱਲ ਅਣਪੜ੍ਹ ਸੀ, ਸਮਝਾ'ਤਾ ਸੀ । ਤਾਂ ਫ਼ਿਰ ਹੁਣ ਕਿਉਂ ਨਹੀਂ ਸਮਝ ਸਕਦੇ । ਸਿੱਧੀ, ਸੱਚੀ ਅਤੇ ਸਾਦਾ ਗੱਲ੍ਹ ਉਹ ਹੈ । ਜੋ ਕੁਰਆਨ ਸ਼ਰੀਫ਼'ਚ ਹੈ । ਇਕੱ ਸਿੱਧੀ ਰਾਹ ਹੈ । ਜੋ ਰਬੱ ਨੇ ਸਾਨੂੰ ਸਿਖਾ'ਤੀ ਹੈ ।  ਚਾਹੀਦਾ ਹੈ ਕਿ ਆਦਮੀ ਕੁਰਆਨ ਸ਼ਰੀਫ਼ ਨੂੰ ਧਿਆਨ ਨਾਲ ਪੜ੍ਹੇ । ਉਸ ਦੇ ਕਰ ਨ-ਕਰ ਨੂੰ ਵੱਖੋ ਵੱਖ ਵੇਖ ਰੱਖੇ ਅਤੇ ਉਨ੍ਹਾਂ'ਤੇ ਅਮਲ ਕਰੇ । ਤਾਂ ਉਸ ਨਾਲ ਹੀ ਆਪਣੇ ਰਬੱ ਨੂੰ ਖ਼ੁਸ਼ ਕਰ ਲਵੇਗਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕੁਰਆਨ ਸ਼ਰੀਫ਼ ਹਕੀਕੀ ਰਬੱ ਨੂੰ ਪੈਸ਼ ਕਰਦਾ ਹੈ । ਰਬੱ ਦਾ ਸ਼ੁਕਰ ਹੈ ਕਿ ਕੁਰਆਨ ਸ਼ਰੀਫ਼ ਨੇ ਅਜੀਹਾ ਰਬੱ ਪੈਸ਼ ਨਹੀਂ ਕੀਤਾ । ਜੋ ਅਜੀਹੀਆਂ ਕਮਜ਼ੋਰ ਸਿਫ਼ਤਾਂ ਵਾਲਾ ਹੋਵੇ ਕਿ ਨ ਉਹ ਰੂਹਾਂ ਦਾ ਮਾਲਿਕ ਹੈ, ਨ ਕਿਸੇ ਨੂੰ ਮੁਕਤੀ ਦੇ ਸਕਦਾ ਹੈ ਅਤੇ ਨ ਕਿਸੇ ਦੀ ਤੌਬਾ ਕਬੂਲ ਕਰ ਸਕਦਾ ਹੈ । ਸਗੋਂ ਕੁਰਆਨ ਸ਼ਰੀਫ਼ ਦੇ ਅਨੁਸਾਰ ਉਸ ਰਬੱ ਦੇ ਬੰਦੇ ਹਨ । ਜੋ ਸਾਡਾ ਸਿਰਜਣਹਾਰਾ ਹੈ, ਅੰਨ ਦਾਤਾ ਹੈ, ਰਹਿਮਾਨ ਹੈ, ਰਹੀਮ ਹੈ, ਅੰਤਿਮ ਦਿਹਾੜ੍ਹੇ ਦਾ ਮਾਲਿਕ ਹੈ । ਵਿਸ਼ਵਾਸੀਆਂ ਲਈ ਸ਼ੁਕੱਰ ਦੀ ਥਾਂ ਹੈ ਕਿ ਉਸ ਨੇ ਸਾਨੂੰ ਅਜੀਹੀ ਕਿਤਾਬ ਦਿੱਤੀ । ਜੋ ਉਸ ਦੀ ਸਹੀ ਸਿਫ਼ਤਾਂ ਨੂੰ ਪ੍ਰਕਟ ਕਰਦੀ ਹੈ । ਇਹ ਰਬੱ ਦਾ ਇਕੱ ਬਹੁਤ ਵੱਡਾ ਉਪਕਾਰ ਹੈ ।
ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਲਮ ਅਤੇ ਮੁਆਰਫ਼ਤ ਅਤੇ ਕੁਰਆਨ ਸ਼ਰੀਫ਼ ਦੀ ਖ਼ੂਬੀਆਂ ਅਤੇ ਸਥਾਨ ਦੀਆਂ ਗੱਲ੍ਹਾਂ ਅੱਗੇ ਵੀ ਬਿਆਨ ਹੋਣਗੀਆਂ ਇੰਸ਼ਾ-ਅੱਲਾਹ । ਰਬੱ ਸਾਨੂੰ ਇਨ੍ਹਾਂ ਗੱਲ੍ਹਾਂ ਨੂੰ ਸਮਝਣ ਅਤੇ ਅਮਲ ਕਰਨ ਅਤੇ ਕੁਰਆਨ ਸ਼ਰੀਫ਼ ਨੂੰ ਪੜ੍ਹਣ ਅਤੇ ਸਮਝਣ ਦੀ ਤੌਫ਼ੀਕ ਬਖ਼ਸ਼ੇ । ਆਮੀਨ
ਹਜ਼ੂਰੇ ਅਨਵਰ ਨੇ ਪਿਛੱਲੇ ਦਿਨ੍ਹੀਂ ਬੰਗਲਾਦੇਸ਼ ਦੇ ਜਲਸਾ ਸਾਲਾਨਾ'ਤੇ ਫ਼ਸਾਦੀਆਂ ਦੇ ਹਮਲੀਆਂ ਦਾ ਜ਼ਿਕਰ ਕਰਦੇ ਹੋਏ ਫ਼ਰਮਾਇਆ ਕਿ ਇਹ ਜਲਸਾ ਪੁਲਿਸ ਅਤੇ ਪ੍ਰਸ਼ਾਸਨ ਦੇ ਵਿਸ਼ਵਾਸ ਦੁਆਉਣ ਮਗਰੋਂ ਹੀ ਆਯੋਜਿਤ ਕੀਤਾ ਗਿਆ ਸੀ । ਪਰ ਜਦੋਂ ਹਮਲਾ ਹੋਇਆ ਤਾਂ ਪੁਲਿਸ ਖੜ੍ਹੀ ਤਮਾਸ਼ਾ ਵੇਖਦੀ ਰਹੀ ਅਤੇ ਉਤੋਂ ਆਡਰ ਆਉਣ ਮਗਰੋਂ ਕਾਰਵਾਈ ਕੀਤੀ । ਪਰ ਉਦੋਂ ਤਕੱ ਬਹੁਤ ਦੇਰ ਹੋ ਗਈ ਸੀ ।
ਮਗਰੋਂ ਹਜ਼ੂਰੇ ਅਨਵਰ ਨੇ ਇਸ ਹਮਲੇ'ਚ ਸ਼ਹੀਦ ਹੋਣ ਵਾਲੇ ਸ਼੍ਰੀਮਾਨ ਜ਼ਾਹਿਦ ਹਸਨ ਸਾਹਿਬ ਦੀ ਸ਼ਹਾਦਤ ਦਾ ਜ਼ਿਕਰ ਕੀਤਾ । ਮਗਰੋਂ ਹਜ਼ੂਰੇ ਅਨਵਰ ਨੇ ਸ਼੍ਰੀਮਾਨ ਕਮਾਲ ਬਦਾਹ ਸਾਹਿਬ ਅਲੱ-ਜਜ਼ਾਇਰ, ਡਾਕਟਰ ਸ਼ਮੀਮ ਅਹਮਦ ਮਲਿਕ ਸਾਹਿਬ (ਕਨੈਡਾ), ਸ਼੍ਰੀਮਾਨ ਫ਼ਰਹਾਦ ਅਹਮਦ ਅਮੀਨੀ ਸਾਹਿਬ (ਜਰਮਨੀ) ਅਤੇ ਸ਼੍ਰੀਮਾਨ ਚੌਧਰੀ ਜਾਵੈਦ ਅਹਮਦ ਬਿਸਮਲ ਸਾਹਿਬ (ਕਨੈਡਾ) ਦੇ ਆਕਾਲ ਚਲਾਣੇ ਦਾ ਜ਼ਿਕਰ ਕਰਦੇ ਹੋਏ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔